# ਮਕਸੂਦ ਸਾਹਿਬ

ਮੈਂ ਏਥੋਂ ਥੋੜਾ 22-23 ਮੀਲ ਦੇ ਫਾਸਲੇ ਉਤੇ ਸ਼ੇਖੂਪੁਰਾ, ਸ਼ੇਖੁਪੁਰਾ ਮੇਰਾ ਜਨਮ ਹੈ, ਘਰ ਸੀ ਮੇਰਾ ਵਾਹੀ ਬੀਜੀ ਆਲਾ। ਕਿਸਾਨੀ, ਪੁਰਾਣੀ ਕਿਸਾਨੀ ਹੁੰਦੀ ਸੀ। 1955 ਵਿੱਚ ਮੈਂ ਪੈਦਾ ਹੋਇਆਂ। ਪੰਜਾਬੀ ਜਿਹੜੀ ਹੈ, ਪੰਜਾਬੀ ਸਾਡੀ ਆਮ ਬੋਲੀ ਹੈ, ਘਰਾਂ ਦੇ ਵਿੱਚ ਬੋਲੀ ਜਾਂਦੀ ਏ, ਆਸੇ ਪਾਸੇ ਬੋਲੀ ਜਾਂਦੀ ਏ। ਜਿਹੜਾ ਆਮ ਜੀਵਨ ਹੈ ਸਾਡਾ, ਸਾਧਾਰਨ ਜੀਵਨ, ਸਾਧਾਰਨ ਜੀਵਨ ਸਾਰੇ ਦੀ ਭਾਸ਼ਾ ਜਿਹੜੀ ਹੈ, ਉਹ ਪੰਜਾਬੀ ਈ ਏ। ਔਰ ਸਾਡੇ ਘਰਾਂ ਚ ਜਿਹੜੇ ਵਾਹੀ ਬੀਜੀ ਆਲੇ ਘਰ ਨੇ, ਜਟਕੇ ਘਰ ਇਹਨਾਂ ਚ ਬੋਲੀ ਦੀ ਠੇਠ ਸ਼ਕਲ ਮੌਜੂਦ ਏ ਕਿਉਂਕਿ ਇਹ ਦੂਜੀ ਹੋਰ ਬੋਲੀ ਦੇ ਨਾਲ ਇਹਨਾਂ ਦਾ ਹੈ ਨਹੀਂ ਉਹ ਮਸਲਾ। ਤੇ ਦੂਸਰਾ ਇਹ ਕਿ ਜਿਹੜੀਆਂ ਪੁਰਾਣੀਆਂ ਚੀਜਾਂ ਛਪੀਆਂ ਹੋਈਆਂ, ਪੁਰਾਣੀਆਂ ਪ੍ਰਕਾਸ਼ਨ ਹੋਈਆਂ ਹੋਈਆਂ ਚੀਜਾਂ, ਇਹ ਵੀ ਘਰਾਂ ਚ ਮਿਲਦੀਆਂ ਸਨ। ਔਰ ਸਾਰੇ ਈ ਪੰਜਾਬੀ ਘਰਾਂ ਚ ਹੀਰ ਵਾਰਿਸ ਸ਼ਾਹ, ਸੈਫ-ਉਲ ਮਲੂਕ, ਫਿਰ ਜਨਾਬ ਕਿੱਸੇ ਨ ਬਹੁਤ ਸਾਰੇ ਮਤਲਬ, ਸਮਝਲੋ ਕਿ ਤੁਸੀਂ ਸ਼ਾਹ ਬਹਿਰਾਮ ਦਾ ਕਿੱਸਾ, ਫਿਰ ਇਹ ਵਾਰਾਂ ਨੇ ਜਿਹੜੀਆਂ; ਨਾਦਰ ਸ਼ਾਹ ਦੀ ਵਾਰ ਔਰ ਸਿੱਖਾਂ ਦੀ ਵਾਰ, ਇਹ ਸਾਰੀਆਂ ਚੀਜਾਂ, ਜਿਹੜਾ ਕਲਾਸੀਕਲ ਲਿਟਰੇਚਰ ਸਾਡਾ ਅਸੀਂ ਕਹਿ ਸਕਨੇ ਆਂ ਜਿਹੜਾ, ਇਹ ਛਪੀ ਸ਼ਕਲ ਦੇ ਵਿੱਚ ਘਰੋ ਘਰੀਂ ਹਾਜਰ ਸੀ। ਔਰ ਮੇਰਾ ਬਚਪਨਾ ਜਿਹੜਾ, ਉਸ ਵੇਲੇ ਉਹ ਸਾਡੇ ਘਰ ਵੀ ਇਹ ਚੀਜਾਂ ਮੌਜੂਦ ਸਨ, ਜੰਗਨਾਮੇ ਸਨ। ਜੰਗਨਾਮੇ ਨੇ ਕਲਬਲਾ ਦੇ ਵਾਕਿਆ ਦੇ ਬਾਰੇ ਵਿੱਚ, ਤੇ ਅਵਾਮ ਹੁਸੈਨ ਦੀ ਲੜਾਈ ਹੋਈ ਇੱਕ ਅਰਬ ਦੇ ਵਿੱਚ, ਰਸੂਲ ਦਾ ਉਹ ਹੈ ਸੀ ਗਰੈਂਡ-ਸਨ ਸੀ, ਦੋਹਤਰਾ ਸੀ, ਉਹਦੇ ਉਤੇ ਕਿੱਸੇ ਬਣੇ ਸਾਡੇ, ਜੰਗਨਾਮਿਆਂ ਦੀ ਸ਼ਕਲ ਵਿੱਚ ਔਰ ਪੰਜਾਬੀ ਸਾਰੀਆਂ ਚੀਜਾਂ ਸਨ ਇਹ। ਪੰਜਾਬੀ ਲਿਟਰੇਚਰ ਮੌਜੂਦ ਸੀ। ਫਿਰ ਸਾਡੇ ਲੋਕ ਜਿਹੜੀ ਬੋਲੀ ਬੋਲਦੇ ਸਨ, ਉਹ ਸਾਰੀ ਲਿਟਰੇਚਰ ਦੀ ਔਰ ਉਹਨਾਂ ਦੀ ਰੋਜਮਰਾ ਦੀ ਬੋਲੀ ਸੀ ਨਾ ਜਿਹੜੀ ਇਹ ਰਲਦੀ ਮਿਲਦੀ ਸੀ। ਇਹਦੇ ਚ ਕੋਈ ਪਾੜ ਨਹੀਂ ਸੀ ਹੈਗਾ, ਫਰਕ ਨਹੀਂ ਸੀ ਹੈਗਾ, ਇੱਕੋ ਜਿਹੀ ਬੋਲੀ ਸੀ। ਸੋ ਅਸੀਂ ਜਿਸ ਸਮੇਂ ਅੱਖਾਂ ਖੋਹੀਆਂ ਸਾਡੇ ਆਸੇ ਪਾਸੇ ਪੰਜਾਬੀ ਮੌਜੂਦ ਸੀ। ਮਾਂ ਪਿਓ ਪੰਜਾਬੀ ਬੋਲਦਾ ਸੀ, ਭੈਣ ਭਰਾ ਪੰਜਾਬੀ ਬੋਲਦੇ ਸਨ, ਰਿਸ਼ਤੇ ਨਾਤੇ ਆਲੇ ਲੋਕ ਆਉਂਦੇ ਸਨ ਸਾਰੇ, ਬਾਕੀ ਦੇ ਰਿਸ਼ਤੇਦਾਰ ਸਭ ਪੰਜਾਬੀ ਬੋਲਦੇ ਸਨ। ਅਸੀਂ ਉਥੇ ਪੰਜਾਬੀ ਆਪਣੀ ਬੋਲੀ ਚ ਈ ਜਨਮ ਹੋਇਆ ਔਰ ਆਪਣੀ ਬੋਲੀ ਦੀ ਹੀ ਉਂਗਲੀ ਫੜ ਕੇ ਅਸੀਂ ਟੁਰਨਾ ਸ਼ੁਰੂ ਕੀਤਾ। ਠੀਕ ਐ, ਬਾਹਰ ਨਿਕਲਨ ਜੋਗੇ ਹੋਏ ਤਾਂ ਆਸੇ ਪਾਸੇ ਵੀ, ਗਲੀ ਮੁਹੱਲਾ ਸਾਡਾ, ਬਜਾਰ ਸਾਰੇ ਉਹ ਪੰਜਾਬੀ ਬੋਲਦੇ ਸਨ। ਹਾਂ ਵਿੱਚੇ ਜਿਸ ਵੇਲੇ ਸਕੂਲ ਦੀ ਗੱਲ ਆਉਂਦੀ ਸੀ, ਤੇ ਆਮ ਕਿਤਾਬਾਂ ਦੀ ਗੱਲ ਹੋਣੀ, ਉਥੇ ਉਰਦੂ ਸ਼ੁਰੂ ਹੋ ਜਾਂਦੀ ਸੀ। ਰੋਜਮਰਾ ਜਿੰਦਗੀ ਸਾਡੀ ਜਿਹੜੀ ਸੀ, ਉਹਦੀ ਬੋਲੀ ਪੰਜਾਬੀ ਓ ਈ ਸੀ। ਤੇ ਘਰ ਦੇ ਵਿੱਚ ਕਿਉਂਕਿ ਜਿਕਰ ਅਜ਼ਕਾਰ ਜਿਹੜਾ ਹੈ, ਉਹ ਬਜੁਰਗਾਂ ਨੇ ਵੀ ਗੱਲ ਕਰਨੀ ਤੇ ਲਾਈਨਾਂ ਪੜ ਦੇਣੀਆਂ ਵਾਰਿਸ ਸ਼ਾਹ ਦੀਆਂ। ਕੋਈ ਘਰ ਚ ਮਸਲਾ ਹੋ ਗਿਆ, ਕੋਈ ਗੱਲ ਇਸ ਤਰਾਂ ਦੀ ਹੋ ਗਈ, ਸਾਡੀਆਂ ਆਦਤਾਂ ਦੇ ਬਾਰੇ ਚ ਕੋਈ ਗੱਲ ਹੋ ਗਈ, ਬਾਪ ਨੇ ਕੋਈ ਗੱਲ ਸਮਝਾਣੀ ਏ, ਸਮਝਾਂਦਿਆਂ ਸਮਝਾਂਦਿਆਂ ਉਹਨੇ ਤੁਕ ਜਿਹੜੀ ਪੜ ਦੇਣੀ ਵਾਰਿਸ ਸ਼ਾਹ ਦੀ। ਜਿਵੇਂ ਵਾਰਿਸ ਸ਼ਾਹ ਨੇ ਕਿਹਾ, ਜਿਵੇਂ ਸਾਡੇ ਵਡਕੇ ਆ ਜਾਂਦੇ ਆ। ਉਹ ਪੰਜਾਬੀ ਸ਼ਾਇਰੀ ਦੇ ਵਿੱਚ ਇਹ ਮਿਸਾਲਾਂ ਆਉਂਦੀਆਂ ਸੀ। ਤੋ ਕੋਈ ਇਸ ਤਰਾਂ ਦਾ ਸਾਨੂੰ ਲੱਗਦਾ ਨਹੀਂ ਸੀ ਕੋਈ ਹੋਰ ਬੋਲੀ ਸਾਡੇ ਤੇ ਹਾਵੀ ਆ। ਐਨ ਅਸੀਂ ਉਹ ਆਪਣੀ ਬੋਲੀ ਨਾਲ ਜੁੜੇ ਹੋਏ, ਬੜੇ ਪੱਕੇ ਠੋਸ ਲਫਜ ਹੁੰਦੇ ਸਨ, ਮਾਵਾਂ ਸਾਡੀਆਂ ਨੇ ਬੋਲਣੇ, ਨਾਨੀ ਮੇਰੀ ਨੇ ਬੋਲਣਾ, ਹੋਰ ਜੀਅ ਬੋਲਦੇ ਸਨ, ਉਹ ਸਾਰੀ ਲਿਟਰੇਰੀ ਬੋਲੀ ਈ ਓ ਸੀ ਸਾਰੀ ਦੀ ਸਾਰੀ। ਲਿਟਰੇਰੀ ਦਾ ਔਰ ਆਮ ਬੋਲੀ ਦਾ ਕੋਈ ਫਰਕ ਨਹੀਂ ਸੀ। ਵਾਰਿਸ ਸ਼ਾਹ ਦੀ ਜ਼ੁਬਾਨ ਜਿਹੜੀ ਹੈ ਜਾਂ ਸਾਡੀ ਕਲਾਸੀਕਲ ਸਾਡੀ ਪੋਇਟਰੀ ਹੈਗੀ ਆ, ਉਹਦੀ ਜੁਬਾਨ ਅਤੇ ਸਾਡੇ ਲੋਕਾਂ ਦੀ ਜੁਬਾਨ ਉਹ ਇੱਕ ਮਿੱਕ ਸੀ। ਉਹ ਅੱਗੇ ਆ ਕੇ ਫਿਰ ਅਸਾਂ ਦੇਖਣਾ ਸ਼ੁਰੂ ਕੀਤਾ ਕਿ ਉਰਦੂ ਜਿਹੜੀ ਐ ਉਹ ਪ੍ਰਧਾਨ ਹੁੰਦੀ ਜਾਂਦੀ ਜੇ। ਜਿਆਦਾ ਚੀਜਾਂ ਪੜੀਆਂ ਜਾਂਦੀਆਂ ਨੇ। ਫਿਰ ਘਰ ਹੋ ਵੀ ਆ ਗਏ ਜਿਹੜੇ ਘਰਾਂ ਵਿਚ ਉਰਦੂ ਬੋਲਣ ਲੱਗ ਪਏ ਔਰ ਉਹ ਉਰਦੂ ਬੋਲਣਾ ਜਿਹੜਾ ਉਹ ਤਹਿਜੀਬ ਦੀ ਜਾਂ ਸ਼ਾਇਰੀ ਜਾਂ ਸਿਵਲਾਈਜਡ ਹੋਣ ਦੀ, ਵੈਲ ਮੈਨਰਡ ਹੋਣ ਦੀ ਮਿਸਾਲ ਬਣਨੀ ਸ਼ੁਰੂ ਹੋ ਗਈ। ਤੇ ਅਸੀਂ ਬਿਲਕੁਲ ਹੈਰਾਨ ਹੋਣਾ ਕਿ ਅਸੀਂ ਤੇ ਗਵਾਰ ਤੇ ਨਹੀਂ ਹੈਗੇ। ਸਾਡੇ ਘਰਾਂ ਚ ਤੇ ਸਾਡੇ ਬਹੁਤ, ਬਚਪਨ ਸਾਡਾ ਕਹਾਣੀਆਂ ਸੁਣਨ ਨਾਲ, ਵਾਲਿਦਾ ਬੜੀਆਂ ਕਹਾਣੀਆਂ ਸੁਣਾਂਦੇ ਸਨ, ਬਾਪ ਕੋਲੋਂ ਕਹਾਣੀਆਂ ਸੁਣਨੀਆਂ। ਉਹ ਸਾਰੀਆਂ ਪੰਜਾਬੀ ਹੁੰਦੀਆਂ ਸਨ। ਵੱਡੇ ਭੈਣ ਭਰਾਵਾਂ

ਕੋਲੋਂ ਸੁਣਨੀਆਂ। ਨਾਨੀ ਮਾਂ ਮੇਰੇ ਜਿਉਂਦੇ ਸਨ, ਉਹ ਵੀ ਪੰਜਾਬੀ ਕਹਾਣੀਆਂ, ਫੋਕ ਟੇਲਜ ਏਨੀਆਂ ਸ਼ਾਨਦਾਰ, ਉਹ ਏਨੀਆਂ ਅੱਛੀਆਂ ਲੱਗਦੀਆਂ ਸਨ ਕਹਾਣੀਆਂ, ਉਹ ਸੁਣੀਆਂ ਹੋਈਆਂ ਜਿਹੜੀਆਂ ਨੇ, ਆਂਪਸ ਵਿੱਚ ਬੱਚਿਆਂ ਨੇ। ਫਿਰ ਸਾਡੀਆਂ ਖੇਡਾਂ ਸਨ ਬਹੁਤ ਜਿਆਦਾ, ਉਹ ਸਾਰੀਆਂ ਖੇਡਾਂ ਪੰਜਾਬੀ ਖੇਡਾਂ ਸਨ: ਲੁਕਣ-ਮੀਟੀ ਤੋਂ ਲੈ ਕੇ ਤੇ ਸਮਝਲੋ ਬਈ ਇੱਕ ਖੇਡ ਹੁੰਦੀ ਐ ਸਾਡੀ ਪੈਰ ਨੂੰ ਪੈਰ ਲਾਣਾ ਹੁੰਦਾ ਦਰਖਤ ਦੇ ਉਤੇ ਚੜਦਿਆਂ, ਉਚੀ ਨੀਵੀ ਥਾਂ ਤੇ ਚੜਦਿਆਂ, ਕਿੰਨੀਆਂ ਈ ਖੇਡਾਂ ਨੇ ਤੇ ਉਹ ਖੇਡਾਂ ਦੇ ਵਿੱਚ ਜਿਹੜੀ ਰਾਈਮ ਚੱਲਦੀ ਸੀ ਜਿਹੜੀ ਸਾਰੀ ਦੀ ਸਾਰੀ, ਉਹ ਸਾਰੀ ਪੰਜਾਬੀ ਰਾਈਮ, ਪੰਜਾਬੀ ਪੋਇਟਰੀ ਹੁੰਦੀ ਸੀ ਉਹ ਸਾਰੀ ਦੀ ਸਾਰੀ ਜਿਹੜੀ ਉਹ ਖੇਡ ਦਾ ਹਿੱਸਾ। ਪੰਜਾਬੀ ਤੇ ਇਸ ਤਰਾਂ ਨਾ ਜੀ! ਤੇ ਉਸ ਵੇਲੇ ਦੀਆਂ ਨਿਸ਼ਾਨੀਆਂ ਬਹੁਤ ਵਾਹ ਰਹੇ ਸਨ। ਮੈਂ ਤਾਂ ਸਿਰਫ ਆਪਣੇ ਸੰਬੰਧ ਦੀ ਗੱਲ ਕਰ ਰਿਹਾਂ, ਹੁਣ ਤੇ ਖੈਰ ਫਰਕ ਵੀ ਪਿਆ ਲੇਕਿਨ ਫਰਕ ਦੇ ਬਾਵਜੂਦ ਸਾਡੀ ਪੂਰੀ ਜਿਹੜੀ ਹਸਤੀ ਹੈ, ਉਹ ਹਸਤੀ ਬਣਾਈ ਹੀ ਪੰਜਾਬੀ ਦੀ ਹੈ। ਕਿਉਂਕਿ ਜੁਬਾਨ ਇੱਕ ਐਸੀ ਗਵਾਈ ਬਣ ਜਾਂਦੀ ਐ, ਜਿਸ ਦੇ ਵਿੱਚ ਕੁੱਲ ਬੰਦੇ ਦੀ ਜਿਹੜਾ ਕਹਿਣਾ ਚਾਹੀਦਾ ਸੰਪੂਰਨ ਸੰਬੰਧ ਹੈ ਆਸੇ ਪਾਸੇ ਦੇ ਨਾਲ ਸਾਰੇ ਦਾ ਸਾਰਾ ਰਿਸ਼ਤਾ ਜਿਹੜਾ ਹੈ, ਉਹ ਸਾਰੇ ਦਾ ਸਾਰਾ ਉਹਦੀ ਜੁਬਾਨ ਦੇ ਵਿੱਚ ਮੌਜੂਦ ਰਹਿੰਦਾ ਹੈ ਔਰ ਜੁਬਾਨ ਦੀ ਉਸ ਰਿਸ਼ਤੇ ਨੂੰ ਮੁਜੀਦ ਬਣਾਉਂਦੀ ਹੈ ਔਰ ਬੰਦੇ ਨੂੰ ਹੋਰ ਜਿਆਦਾ ਤਰੱਕੀ ਦੇਂਦੀ ਏ। ਬੰਦੇ ਦੀ ਉਸਾਰੀ ਉਹੀ ਜੁਬਾਨ ਕਰਦੀ ਐ ਔਰ ਉਹਦੇ ਬਦਲੇ ਫਿਰ ਜੁਬਾਨ ਦੀ ਵੀ ਉਸਾਰੀ ਹੁੰਦੀ ਐ। ਬੜਾ ਡਾਇਲੈਕਟੀਕਲ ਇਕ ਰਿਲੇਸ਼ਨਸ਼ਿਪ ਏ, ਆਦਾਨ ਔਰ ਪ੍ਰਦਾਨ ਦਾ। ਫਿਰ ਉਹ ਬੜਾ ਕਾਲਜ ਵੀ ਬਣ ਗਏ, ਯੂਨੀਵਰਸਿਟੀ ਕਾਇਮ ਹੋ ਗਈ ਬਾਅਦ ਚ, ਸਕੂਲ ਕਾਇਮ ਹੋ ਗਏ ਪਿੰਡੋ-ਪਿੰਡ, ਇੱਕ ਦੂਸਰੀ ਬੋਲੀ ਪੜਾਈ ਜਾ ਰਹੀ ਏ ਔਰ ਉਸ ਬੋਲੀ ਦੇ ਵਿੱਚ ਪੜ ਪੜ ਕੇ। ਔਰ ਉਸ ਬੋਲੀ ਜਿਸ ਵੇਲੇ ਤੁਹਾਡੀ ਬੋਲੀ ਤੁਹਾਨੂੰ, ਉਥੇ ਰੋਕ ਦਿੱਤੀ ਜਾਂਦੀ ਐ, ਤੁਹਾਡੇ ਤੇ ਇੱਕ ਦੂਜੀ ਬੋਲੀ ਲਾਗੂ ਕਰ ਦਿੱਤੀ ਜਾਂਦੀ ਏ ਤੇ ਉਸ ਬੋਲੀ ਦਾ ਫੰਕਸ਼ਨ ਹੁੰਦਾ ਤੁਹਾਡੀ ਬੋਲੀ ਭੁਲਾਣਾ, ਜਿਹੜਾਂ ਤੁਹਾਡੇ ਅੰਦਰ ਜ਼ੁਬਾਨ ਹੈ ਉਸ ਜ਼ੁਬਾਨ ਨੂੰ ਰੋਕਣਾ ਉਹਦੀ ਥਾਂਵੇਂ ਆਪ ਬੈਠਣਾ। ਸੋ ਇਹ ਦੂਸਰੀ ਜੋ ਸਿਖਾਈ ਗਈ ਬੋਲੀ ਸਾਨੂੰ, ਇਹਦਾ ਕੰਮ ਸੀ ਸਾਨੂੰ ਆਪਣੀ ਬੋਲੀ ਭੁਲਾ ਦੇਣਾ। ਸੋ ਏਹਨੇ ਭੁਲਾਣ ਦਾ ਅਮਲ ਸ਼ੁਰੂ ਕਰ ਦਿੱਤਾ। ਤੇ ਉਹਨਾਂ ਨੇ ਰਿਕਾਰਡ ਸਾਰਾ ਇਕੱਠਾ ਕੀਤਾ ਪੰਜਾਬ ਦਾ। ਕੋਈ ਇਲਾਕਾ ਨੀ ਸਾਲਾ ਛੱਡਿਆ ਜਿਸ ਦੀ ਉਹਨਾਂ ਨੇ ਪੂਰੀ ਇਨਫੌਰਮੇਸ਼ਨ ਕੁਲੈਕਟ ਨਹੀਂ ਕੀਤੀ। ਹਤਾ ਕਿ ਘਾਹ ਜਿਹੜੀ ਹੁੰਦੀ, ਘਾਹ ਸਮਝਦੇ ਜੇ ਕੀਹਨੂੰ ਕਹਿੰਦੇ? ਗਰਾਸ, ਗਰਾਸ ਕਿੰਨੀ ਕਿਸਮ ਦੀ ਐ, ਇਹ ਵੀ ਸਾਈਨ ਕਿੰਨੀ ਕਿਸਮ ਦੀ ਐ। ਪਾਣੀ ਦਾ ਲੈਵਲ ਕੀ ਐ, ਜਮੀਨ ਦੀਆਂ ਕਿਸਮਾਂ ਕੀ ਨੇ? ਕੋਈ ਚੀਜ ਨੀ ਉਹਨਾਂ ਨੇ ਛੱਡੀ। ਸਾਡੇ ਸੇਅਇੰਗਜ ਜਿਹੜੀਆਂ ਸਨ ਉਹ, ਪਰੋਵਰਬ ਜਿਹੜੇ ਸਨ ਉਹ, ਸਾਡੀਆਂ ਜਿਹੜੀਆਂ ਸਨ ਆਪਣੀਆਂ ਕਹਿਣਾ ਚਾਹੀਦਾ ਬੁਝਾਰਤਾਂ, ਫੋਕ ਲੋਰ ਦੀਆਂ ਜਿੰਨੀਆਂ ਸ਼ਕਲਾਂ ਨੇ, ਸਭ ਇਕੱਠੀਆਂ ਕੀਤੀਆਂ ਨੇ, ਨਮੂਨੇ ਪੇਸ਼ ਕੀਤੇ ਨੇ। ਲੇਕਿਨ ਜਿਹੜੀ ਸ਼ੈਅ, ਜਿਹੜੀ ਉਹਨਾਂ ਨੇ ਸਾਡੇ ਸਾਹਮਣੇ ਨਹੀਂ ਲਿਆਂਦੀ ਪੂਰੀ ਤਰਾਂ ਜਾਂ ਜੀਹਨੂੰ ਆਪ ਇਕਨੌਲਜ ਨਹੀਂ ਕੀਤਾ, ਉਹ ਹੈ ਸਾਡੀ ਪੋਇਟਕ ਟਰਡੀਸ਼ਨ ਜਿਹੜੀ ਕਿ ਫਰੀਦ ਸਾਹਿਬ ਤੋਂ ਲੈ ਕੇ ਤੋੜੋ ਤੋੜੋ ਉਹਨਾਂ ਦੇ ਵੇਲੇ ਤੀਕਰ ਆ ਰਹੀ ਸੀ। ਜਿਹਦਾ ਜਿਕਰ ਇਜਹਾਰ ਉਹਨਾਂ ਨੇ ਨਹੀਂ ਕੀਤਾ। ਇਸਦਾ ਜਿਕਰ ਇਜਹਾਰ ਨਹੀਂ ਉਹਨਾਂ ਨੇ ਕੀਤਾ ਕਿ ਏਨੀ ਵੱਡੀ ਇਹਨਾਂ ਦੀ ਟਰਡੀਸ਼ਨ ਐ ਇੱਕ ਜੁਬਾਨ ਦੀ। ਤੇ ਫਰੀਦ ਹੈ, ਇਹਦੇ ਚ ਨਾਨਕ ਹੈ ਇਹਦੇ ਚ, ਫਲਾਣਾ ਹੈ, ਫਲਾਣਾ ਹੈ ਔਰ ਇਹ ਮੋਟੇ ਮੋਟੇ ਸ਼ਾਇਰ ਨੇ ਜਿਹਨਾਂ ਦੇ ਨਾਂ ਆਉਂਦੇ ਨੇ। ਪਤਾ ਨਹੀਂ ਹੋਰ ਕਿੰਨੇ ਹੋਣਗੇ। ਕਿਉਂਕਿ ਕਦੀ ਵੀ ਕੋਈ ਵੀ ਕਿਸੇ ਥਾਂ ਦੇ ਉਤੇ, ਉਹ ਇਕੱਲਾ ਦੁਕੱਲਾ ਸ਼ਾਇਰ ਨਹੀਂ ਹੋ ਜਾਂਦਾ ਕਿ ਤੁਸੀਂ ਕਹੋਗੇ ਬਈ ਇਥੇ ਇਕੋ ਹੀ ਸ਼ਾਇਰ ਹੈ ਕਿਉਂਕਿ ਸ਼ਾਇਰੀ ਵੀ ਐ ਜਿਹੜੀ ਨਾ ਜੀ ਇੱਕ ਪੂਰਾ ਇੱਕ ਮਾਹੌਲ ਹੁੰਦਾ ਐ, ਉਹਦੀ ਇੱਕ ਆਪਣੀ ਟਰਡੀਸ਼ਨ ਹੁੰਦੀ ਐ ਔਰ ਉਹ ਟਰਡੀਸ਼ਨ ਦਾ ਇੱਕ ਆਪਣਾ ਕਹਿਣਾ ਚਾਹੀਦਾ ਇੱਕ ਬਹੁਤ ਖਿਲਾਰ ਪਸਾਰ ਹੁੰਦਾ ਐ। ਜਿੱਥੇ ਇੱਕ ਸ਼ਾਇਰ ਪੈਦਾ ਹੋ ਰਿਹਾ ਉਥੇ ਹੋ ਈ ਨਹੀਂ ਸਕਦਾ ਕਿ ਹੋਰ ਸ਼ਾਇਰ ਨਾ ਹੋਵੇ। ਤੇ ਸਾਰੀ ਇਸ ਕਹਾਣੀ ਨੂੰ ਸਾਡੀ ਪੋਇਟਕ ਲਿਟਰੇਰੀ ਟਰਡੀਸ਼ਨ ਜਿਹੜੀ ਹੈ, ਇਸ ਦਾ ਅੰਗਰੇਜ ਸਾਹਿਬ ਨੇ ਜਿਕਰ ਨਹੀਂ ਕੀਤਾ। ਜਾਂ ਇਹਦਾ ਉਹਨੂੰ ਪਤਾ ਸੀ, ਇਸ ਪਤੇ ਦੀ ਬੁਨਿਆਦ ਉਤੇ, ਇਸ ਇਨਫੇਰਸ਼ਨ ਦੀ ਬੁਨਿਆਦ ਉਤੇ ਜਿਹੜਾ ਉਹਦਾ ਸਾਡੀ ਜ਼ੁਬਾਨ, ਲੈਂਗੁਏਜ ਦੇ ਬਾਰੇ ਚ ਉਹਦਾ ਰਵਈਆ ਬਣਨਾ ਚਾਹੀਦਾ ਸੀ ਕਿ ਏਡੀ ਵੱਡੀ ਟਰਡੀਸ਼ਨ ਵਾਲੀ ਇਹ ਜ਼ੁਬਾਨ ਏ, ਟਰਡੀਸ਼ਨ ਦਾ ਮਤਲਬ ਏ ਕਿ ਲੋਕ ਇਹਦੇ ਨਾਲ ਜੁੜੇ ਨੇ, ਔਰ ਲੋਕਾਂ ਦੀ ਸਿਰਫ ਇਹ ਬੋਲਣ ਚੱਲਣ ਦੀ ਈ ਜ਼ੁਬਾਨ ਨਹੀਂ ਏ। ਲੋਕਾਂ ਦੀ ਸੋਚਣ ਦੀ, ਸਮਝਣ ਦੀ, ਔਰ ਬਹੁਤ ਜਿਹੜਾ

ਇੱਕ ਕਹਿਣਾ ਚਾਹੀਦਾ ਏ ਖਿਆਲੀ ਕਲਚਰ ਹੁੰਦਾ ਏ ਜਿਹੜਾ ਤਸੱਵਰ ਦਾ ਕਲਚਰ, ਕਲਪਨਾ ਦਾ, ਉਹ ਸਾਰਾ ਇਹਦੇ ਚ ਮੌਜੂਦ ਐ। ਔਰ ਉਹਦੀ ਰਵਾਇਤ ਇਹ ਵੇ। ਉਹਦੇ ਚ ਏਡੇ ਏਡੇ ਵੱਡੇ ਪੋਇਟ। ਉਹਨਾਂ ਨੇ ਐਸ ਗੱਲ ਨੂੰ ਸਾਹਮਣੇ ਨਹੀਂ ਰੱਖਿਆ ਔਰ ਸਾਡੀ ਜਿਹੜੀ ਜੁਬਾਨ ਐ ਉਹਨੂੰ ਇੱਕ ਪਾਸੇ ਕਰ ਦਿੱਤਾ। ਸਿੱਖਾਂ ਰੌਲਾ ਪਾਇਆ। ਸਿੱਖਾਂ ਨੂੰ ਕੌਮੀ ਬੁਨਿਆਦਾਂ ਤੇ ਉਹਨਾਂ ਜ਼ੁਬਾਨ ਦੇ ਦਿੱਤੀ। ਮੁਸਲਮਾਨ ਜੈਲਦਾਰ, ਮੁਸਲਮਾਨ ਲੰਬਰਦਾਰ, ਮੁਸਲਮਾਨ ਸਫੈਦਪੋਸ਼, ਮੁਸਲਮਾਨ ਝੋਲੀਚੁੱਕ ਜਿਹੜੇ ਉਹਨਾਂ ਦੇ ਕਰਿੰਦੇ ਚਮਚੇ ਬਣੇ, ਨਵਾਬੀ ਪੁਰਾਣੀ, ਰਉਸਾ ਪੁਰਾਣੇ, ਅਰੈਸਟੋਕਰੇਸੀ ਪੁਰਾਣੀ, ਪੁਰਾਣੀ ਜਿਹੜੀ ਪਾਲਿਸੀ ਦੇ ਨਾਲ ਜੁੜੀ ਰਹੀ ਅਸ਼ਰਾਫੀਆ ਸੀ, ਉਹ ਸਾਰੀ ਦੀ ਸਾਰੀ ਫੌਰੀ ਤੌਰ ਦੇ ਉਤੇ ਅੰਗਰੇਜਾਂ ਦੇ ਹੱਕ ਚ ਚੱਲ ਕੇ ਉਰਦੂ ਦੇ ਨਾਲ ਜੁੜ ਗਈ। ਲੇਕਿਨ ਪੰਜਾਬੀ ਮੌਜੂਦ ਰਹੀ। ਕਿਉਂਕਿ ਪੰਜਾਬੀ ਦੀ ਆਪਣੀ ਟਰਡੀਸ਼ਨ। ਪਰ ਪੰਜਾਬੀ ਕਦੇ ਵੀ ਰਾਜ ਪਾਟ ਦੀ ਬੋਲੀ ਨਹੀਂ ਰਹੀ, ਕਿਸੇ ਦੌਰ ਵਿੱਚ ਵੀ। ਲੇਕਿਨ ਪੰਜਾਬੀ ਰਹੀ, ਜ਼ੁਬਾਨ ਦੇ ਤੌਰ ਤੇ ਮੌਜੂਦ ਰਹੀ। ਇਹ ਬੜਾ ਸੋਚਣ ਵਾਲਾ ਮਸਲਾ ਹੈ। ਨਾ ਇਹਨੂੰ ਮੁਗਲਾਂ ਨੇ ਦਰਬਾਰ ਵਿੱਚ ਪੁਚਾਇਆ, ਨਾ ਉਦੋਂ ਤੋਂ ਪਹਿਲਾਂ ਜਿਹੜੇ ਹਿੰਦੂ ਰਾਜੇ ਸਨ ਉਹਨਾਂ ਨੇ ਕਿਸੇ ਆਪਣੇ ਰਾਜ ਸਿੰਘਾਸਣ ਵਾਸਤੇ ਉਸਨੂੰ ਮੀਡੀਅਮ ਬਣਾਇਆ, ਨਾ ਮੁਗਲਾਂ ਨੇ ਬਣਾਇਆ, ਨਾ ਮੁਗਲਾਂ ਤੋਂ ਪਹਿਲਾਂ ਪਠਾਣਾਂ ਨੇ ਬਣਾਇਆ, ਨਾ ਤੁਰਕਾਂ ਨੇ ਬਣਾਇਆ। ਤੇ ਜ਼ੁਬਾਨ ਤੇ ਮੌਜੂਦ ਰਹੀ ਔਰ ਜ਼ੁਬਾਨ ਵਿੱਚ ਨਾਲ ਨਾਲ ਈ ਵੱਡੇ ਤੋਂ ਵੱਡਾ ਸ਼ਾਇਰ ਪੈਦਾ ਹੁੰਦਾ ਆਇਆ। ਇਹ ਸਵਾਲ ਹੈ- ਉਪਰ ਫਾਰਸੀ ਬੈਠੀ ਐ, ਅਰਬੀ ਬੈਠੀ, ਘਰਾਂ ਚ ਹੋਰ ਬੋਲੀਆਂ ਬੋਲਦੇ, ਦਰਬਾਰੀ ਔਰ ਉਹ ਰਾਜ ਪਾਟ ਦੀਆਂ ਬੋਲੀਆਂ ਹੋਰਨੇ ਔਰ ਉਹਨਾਂ ਰਾਹੀਂ ਉਹ ਦਬਾ ਰਹੇ ਨੇ। ਲੋਕ ਜਿਹੜਾ ਐ, ਖਲਕਤ ਜਿਹੜੀ ਐ, ਜਿਹੜੀ ਮਿਹਨਤੀ ਖਲਕਤ ਹੈ, ਪਿੰਡਾਂ ਗਰਾਮਾਂ ਚ ਸ਼ਹਿਰਾਂ ਦੀਆਂ ਪਰਤਾਂ ਦੇ ਵਿੱਚ ਜੀਂਦੀ ਏ, ਜਿਹੜੀ ਕੰਮ ਕਰ ਰਹੀ ਏ, ਡੰਗਰ ਚਾਰ ਰਹੀ ਏ, ਡੰਗਰਾਂ ਤੋਂ ਚੀਜਾਂ ਬਣਾ ਰਹੀ ਏ, ਖੇਤੀ ਖਲਿਆਣ ਕਰ ਰਹੀ ਏ। ਬੇਤਹਾਸ਼ਾ ਕੰਮ ਜਿਹੜਾ ਹੋ ਰਿਹਾ ਏ, ਜਿਹਦੇ ਤੇ ਉਹ ਰਾਜ ਚੱਲਦਾ ਪਿਆ, ਉਹ ਸਾਰੀ ਖਲਕਤ ਉਹਦੀ ਜ਼ੁਬਾਨ ਏ। ਉਹ ਫਾਰਸੀ ਉਹਨੇ ਕੀ ਕਰਨੀ ਏ, ਉਹ ਤੇ ਆਪਣੀ ਜ਼ੁਬਾਨ ਬੋਲ ਰਿਹਾ। ਆਪਣੀ ਜ਼ੁਬਾਨ ਚ ਪੈਦਾਵਾਰ ਕਰ ਰਿਹਾ, ਠੀਕ ਹੈ। ਉਹਨਾਂ ਦੀ ਕੋਈ ਡੀਮਾਂਡ ਨਹੀਂ ਹੈਗੀ ਕਿ ਜਨਾਬ, ਸਾਡੀ ਜ਼ੁਬਾਨ ਨੂੰ ਤੁਸੀਂ ਰਾਜ ਪਾਟ ਦੀ ਜ਼ੁਬਾਨ ਬਣਾਓ ਔਰ ਤਾਂ ਕਿ ਅਸੀਂ ਤੁਹਾਡੇ ਕਰਿੰਦੇ ਬਣ ਸਕੀਏ, ਸਾਨੂੰ ਵੀ ਕਲਰਕ ਰੱਖ ਲਓ। ਕਿਸੇ ਸਾਡੀ ਖਲਕਤ ਵਲੋਂ ਇਹ ਸ਼ੋਰ ਹੈ ਈ ਨਹੀਂ। ਕਿ ਜਨਾਬ ਸਾਨੂੰ ਵੀ ਫਾਰਸੀ, ਕੋਈ ਇੱਕ ਅੱਧਾ ਫਾਰਸੀ ਸਿੱਖ ਲੈਂਦਾ ਸੀ, ਉਹ ਜਾ ਵੜਦਾ ਸੀ ਉਹਨਾਂ ਦੇ ਵਿੱਚ। ਮਾਸ ਲੈਵਲ ਤੇ ਕੋਈ ਬੰਦਾ ਇਸ ਗੱਲ ਦੀ ਇੱਛਾ ਨਹੀਂ ਸੀ ਰੱਖਦਾ ਕਿ ਅਸੀਂ ਇਹਨਾਂ ਦੇ ਮਹਿਕਮਿਆਂ ਚ ਜਾ ਕੇ ਨੌਕਰ ਹੋਣਾ। ਉਹ ਸਾਰਾ ਅਮਲਾ ਫੈਲਾ ਅੱਪਰ ਕਲਾਸਸ ਪੁਰਾਣੀਆਂ, ਔਰ ਨਾਲ ਜਿਹੜੀਆਂ ਉਹਨਾਂ ਆਪ ਪੈਦਾ ਕੀਤੀਆਂ, ਆਪਣੇ ਲੈ ਕੇ ਆਏ ਹੁੰਦੇ ਸਨ, ਉਹਨਾਂ ਨਾਲ ਈ ਚੱਲਦਾ ਸੀ। ਸੋ ਉਹ ਸਾਡੀ ਜ਼ੁਬਾਨ ਵਸੀਲਾ ਬਣੀ, ਸਾਨੂੰ ਕੌਨਸੀਓਸ ਕਰਨ ਦਾ, ਔਰ ਸਾਨੂੰ ਜਿਹੜਾ ਉਸ ਵੇਲੇ ਦਾ ਨਿਜਾਮ ਚੱਲਦਾ ਸੀ ਪਿਆ, ਉਹਨਾਂ ਦੇ ਖਿਲਾਫ ਜੋੜਨ ਦਾ, ਇਕੱਠਿਆਂ ਕਰਨ ਦਾ, ਔਰ ਬੇਹਤਰਹੀਨ ਤਰੀਕਾ ਦੱਸਿਆ ਗਿਆ ਕਿ ਭਾਈਚਾਰਾ, ਆਪਸੀ ਪਿਆਰ, ਆਪਸੀ ਰਲਕੇ ਕਰਨ, ਰਲਕੇ ਖਾਣ ਹੀ ਅਸਲ ਤਰੀਕਾ ਐ। ਤੁਸੀਂ ਸਾਰੀ ਸ਼ਾਇਰੀ ਚ ਪੜ ਲੋ ਸਾਡੀ, ਫਰੀਦ ਸਾਹਿਬ ਤੋਂ ਲੈ ਕੇ ਗੁਰੂ ਸਾਹਿਬਾਨ ਸਾਰੇ ਲੈ ਲੋ, ਮਾਧੋ ਲਾਲ ਹੁਸੈਨ ਜਿਤਨੇ ਵੀ ਸਾਡੇ ਸ਼ਾਇਰ, ਜਿਹਨਾਂ ਨੂੰ ਆਰਾਮ ਨਾਲ ਸੂਫੀ ਕਹਿ ਦਿਤਾ ਗਿਆ ਕਿ ਇਹ ਸੂਫੀ ਹੈਗੇ ਨੇ, ਸੂਫੀ ਦਾ ਮਤਲਬ ਕਿ ਉਹਨਾਂ ਦਾ ਜਿੰਦਗੀ ਨਾਲ ਕੋਈ ਤੁਅਲਕ ਨਹੀਂ। ਏਹ ਵੀ ਇੱਕ ਧੋਹ ਹੈਗਾ, ਧੱਕਾ ਹੈਗਾ, ਅਸਲੀਅਤ ਹੋਰ ਐ, ਸੋ ਸਾਡੀ ਉਹ ਖਲਕਤ ਬਗਾਵਤਾਂ ਵੀ ਕਰਦੀ ਐ, ਬਹੁਤ ਸਾਰੀਆਂ ਬਗਾਵਤਾਂ ਨੇ ਜਿਹੜੀਆਂ ਥੱਲੇ ਹੋਈਆਂ ਨੇ, ਜਿਸ ਵਿੱਚ ਬਹੁਤ ਵੱਡੀ ਬਗਾਵਤ ਸਿੱਖ ਰਲੀਜਨ ਦੀ ਬਗਾਵਤ ਐ। ਸਿੱਖ ਲੀਜੈਂਡਰੀ ਜਿਹਦੇ ਚੋਂ ਮਿਸਲਾਂ ਬਣੀਆਂ ਔਰ ਮਿਸਲਾਂ ਤੋਂ ਅੱਗੇ ਬੇੜਾ ਗਰਕ ਹੋ ਗਿਆ, ਪੁੱਠਾ ਪੈ ਗਿਆ। ਲੇਕਿਨ ਉਸ ਸ਼ਾਇਰੀ ਦੇ ਸਿਰ ਦੇ ਉਤੇ ਈ ਸਾਰਾ ਕੁਝ ਬਣਿਆ। ਉਹ ਸ਼ਾਇਰੀ ਜਿਹੜੀ ਸੀ ਇਸ ਵਾਸਤੇ ਨਹੀਂ ਸੀ ਕਿ ਰਾਜਪਾਟ ਦੇ ਸਾਥੀ ਬਣ ਜਾਓ। ਔਰ ਜ਼ੁਬਾਨ ਰੀਜੀਸਟੈਂਟ ਦਾ ਜਰੀਆ ਸੀ। ਸੋ ਸਾਡੀ ਜੁਬਾਨ ਬਣੀ ਰਜਿਸਟੈਂਟ ਚ, ਸਬਮਿਸ਼ਨ ਚ ਨਹੀਂ ਬਣੀ ਔਰ ਉਹਦੀ ਗਵਾਹੀ ਪੰਜਾਬੀ ਸ਼ਾਇਰੀ, ਜਿਹੜੀ ਸਾਰੀ ਦੀ ਸਾਰੀ ਰਜਿਸਟੈਂਸ ਸੀ ਪੰਜਾਬੀ ਸ਼ਾਇਰੀ। ਸੋ ਅਸੀਂ ਜਿਹੜਾ ਸਾਡਾ ਆਪਣੀ ਜ਼ੁਬਾਨ ਦਾ ਪੱਖ ਹੈ, ਉਹ ਸਿਸਟਮ ਔਰ ਜਿਹੜਾ ਹੈ ਰੂਲਿੰਗ ਸਿਸਟਮ, ਰੂਲਿੰਗ ਕਲਾਸ ਉਹਦੇ ਟਕਰਾਅ ਦੇ ਨਤੀਜੇ ਚ ਬਣਦਾ।

ਉਹ ਤੁਸੀਂ ਦੇਖੋ ਕਿ ਗਦਰ ਪਾਰਟੀ ਜਿਹੜੀ ਹੈ, ਉਹ ਜਿਸ ਤਰਾਂ ਉਠੀ ਐ, ਉਹ ਪੰਜਾਬੀ ਦੀ ਉਸ ਕੰਨਟੈਂਟ ਚੋਂ ਉਠੀ ਏ ਜਿਹੜਾ ਬਗਾਵਤ ਦਾ ਢਾਂਚਾ ਐ। ਤੁਸੀਂ ਬਾਬਾ ਸੋਹਣ ਸਿੰਘ ਭਕਨਾ ਦੇ ਬਾਰੇ ਜੇ ਪੜਦੇ ਜੇ, ਮੈਂ ਉਹਦਾ ਛਾਪਿਆ ਏਥੇ, ਉਹਦੇ ਚ ਬਾਬਾ ਭਕਨਾ ਜਿਸ ਵੇਲੇ ਖਰਾਬ ਹੋ ਗਏ ਸਨ ਨੌਜਵਾਨੀ ਚ, ਉਹ ਇੱਕ ਬਜੁਰਗ ਆਉਂਦੇ ਸਨ, ਉਹਨਾਂ ਨੇ ਉਥੇ ਗੁਰਬਾਣੀ ਪੜਨੀ, ਔਰ ਉਹਨਾਂ ਨੇ ਬਾਬਾ ਫਰੀਦ ਪੜਿਆ। ਉਸ ਬਾਬਾ ਫਰੀਦ ਦੀ ਤੁਕ ਨੇ ਬਾਬਾ ਭਕਨਾ ਨੂੰ ਬਦਲ ਦਿੱਤਾ। ਹੁਣ ਜਿਹੜਾ ਇਨਕਲਾਬੀ ਪੈਦਾ ਹੋਇਆ, ਰੈਵੋਲਊਸ਼ਨਰੀ ਬਾਬਾ ਜਿਹੜਾ ਐ, ਉਸ ਤੁਕ ਦੀ ਪੈਦਾਵਾਰ ਐ ਔਰ ਪੰਜਾਬ ਦੀ ਪਹਿਲੀ ਰੈਵੋਲਊਸ਼ਨਰੀ ਪੁਲਟੀਕਲ ਪਾਰਟੀ ਦਾ ਬਾਨੀ ਤੇ ਜਾਗ ਕਿਥੋਂ ਲੱਗੀ? ਜਾਗ ਬਾਬਾ ਫਰੀਦ ਦੀ ਇੱਕ ਲਾਈਨ ਚੋਂ ਲੱਗੀ। ਪਿੰਡਾਂ ਦੇ ਅੰਦਰ ਜਿੰਨੀ ਮੂਵਮੈਂਟ ਹੈ, ਜਿਹਦੇ ਚ ਬਗਾਵਤਾਂ ਹੋਈਆਂ, ਜਿਹਦੇ ਚ ਬਹੁਤ ਰਜਿਸਟੈਂਟ ਪੰਜਾਬ ਨੇ ਦਿੱਤੀ ਬ੍ਰਿਟਿਸ਼ ਰਾਜ ਨੂੰ, ਉਹ ਸਾਰੀ ਹੀ ਪੇਂਡੂ ਬੇਸਡ ਜਿਹੜੀ ਮੁਸੱਲਾ, ਆਮ ਸਟਰਗਲ ਜਿਹੜੀ ਹੈ ਉਹਦੀ ਬੁਨਿਆਂਦ ਪਿੰਡਾਂ ਚ ਔਰ ਉਹਦੀ ਬੁਨਿਆਦ ਪੰਜਾਬੀ ਹੈ। ਪੰਜਾਬੀ ਬੋਲੀ ਦਾ ਉਹਦੇ ਚ ਰੋਲ ਐ। ਓਹ ਕੀ ਗਦਰ ਪਾਰਟੀ ਹੋਵੇ, ਕੀ ਕਿਰਤੀ ਕਿਸਾਨ ਹੋਵੇ, ਮਤਲਬ ਇਹ ਰੈਵਲਊਸ਼ਨਰੀ ਔਰ ਪ੍ਰਚੱਲਤ ਸਿਸਟਮ ਨੂੰ, ਜਿਹੜਾ ਕਿ ਐਕਪੁਲਾਇਟਿੰਗ ਸਿਸਟਮ ਹੈ, ਇਹਨੂੰ ਕਾਊਂਟਰ ਕਰਨ ਵਾਸਤੇ ਔਰ ਇਹਨੂੰ ਰਜਿਸਟੈਂਟ ਦੇਣ ਦੇ ਵਿੱਚੋਂ ਪੰਜਾਬੀ ਜ਼ੁਬਾਨ ਦੀ ਨਿਕਾਸੀ ਹੁੰਦੀ ਐ ਔਰ ਪਮਝਾਬੀ ਜ਼ੁਬਾਨ ਨੇ ਵਿਕਾਸ ਕੀਤਾ, ਅੱਗੇ ਵਧੀ। ਇਹ ਕੋਈ ਦਫਤਰਾਂ ਨਾਲ, ਜਾਂ ਕੋਈ ਸਕੂਲਾਂ ਨਾਲ ਕੋਈ ਪੰਜਾਬੀ ਜ਼ੁਬਾਨ ਨਹੀਂ ਬਚੀ ਹੋਈ ਔਰ ਅੱਜ ਵੀ ਪੰਜਾਬੀ ਜ਼ੁਬਾਨ ਜਿੰਦਾ ਹੈ, ਜੀਂਦੀ ਏ। ਜਿਹੜੇ ਲੋਕ ਲਿਖ ਰਹੇ ਨੇ, ਮਤਲਬ ਸਾਡੇ ਦੋਸਤ ਨੇ ਜਿਹੜੇ ਜਾਨ ਮਾਰ ਰਹੇ ਨੇ ਤੇ ਇਹ ਪੰਜਾਬੀ ਦੀ ਉਸ ਸ਼ਕਲ ਜਾਂ ਉਸ ਰਵਾਇਤ ਨੂੰ ਜਿੰਨੀ ਕ ਸਾਨੂੰ ਜਾਣਕਾਰੀ ਮਿਲ ਰਹੀ ਏ, ਨਜਮ ਹੁਸੈਨ ਸਈਦ ਹੁਰਾਂ ਦੀ ਬਦੌਲਤ। ਔਹ ਉਹਨਾਂ ਦੀ ਲਾਈ ਜਾਗ ਹੈ, ਉਹਨਾਂ ਏਥੇ ਪੰਜਾਬੀ ਲਿਟਰੇਚਰ ਨੂੰ ਮੁੜ ਕੇ ਜਗਾਇਆ, ਜਿਹੜਾ ਲੋਕਾਂ ਚ ਜੀਂਦਾ ਸੀ, ਪੜੇ ਲਿਖੇ ਉਹਦੇ ਕੋਲੋਂ ਦੂਰ ਹੋ ਚੁੱਕੇ ਨੇ। ਨਜਮ ਹੁਸੈਂ ਸਈਦ ਨੇ ਉਸ ਨੂੰ ਈ ਮੁੜ ਕੇ ਖੋਲ ਦਿੱਤਾ। ਸੋ ਜਿਹੜੇ ਲੋਕ ਨਜਮ ਹੁਸੈਨ ਸਈਦ ਦੇ ਨਾਲ ਜੁੜੇ ਰਹੇ ਨੇ, ਜੁੜੇ ਨੇ ਕਿਸੇ ਵੇਲੇ ਚ ਜਾਂ ਅੱਜ ਜੁੜੇ ਹੋਏ ਨੇ, ਲਿਖਤਾਂ ਸਿਰਫ ਉਹਨਾਂ ਦੀਆਂ ਚ ਕੁਝ ਜਾਨ ਹੈ। ਬਾਕੀ ਬਹੁਤ ਲਿਖਤ ਜਿਹੜੀ ਹੈ, ਉਹ ਕਾਬਲ ਨਹੀਂ। ਤੁਹਾਨੂੰ ਦੱਸਿਆ ਮੈਂ, ਮੇਰੇ ਤਾਂ ਘਰ ਦੇ ਵਿੱਚ ਪੰਜਾਬੀ ਬੋਲੀ ਜਾਂਦੀ ਸੀ। ਔਰ ਮੇਰੇ ਘਰ ਵਾਲਿਆਂ ਨੂੰ ਕੋਈ ਇਸ ਤਰਾਂ ਦੀ ਹੈ ਨਹੀਂ ਸੀ ਬਈ ਅਸੀਂ ਉਰਦੂ ਹੋ ਜਾਈਏਟ। ਮੈਂ ਜਿਹੜਾ ਨੌਕਰੀ ਪੇਸ਼ਾਂ ਕਰਾਂ ਉਹਦੇ ਚ ਉਰਦੂ ਆ ਵੜਦੀ ਐ, ਲੇਕਿਨ ਕਿਉਂਕਿ ਪੀਜੈਂਟਰੀ ਦਾ ਘਰ ਸੀ, ਜਟਕਾ ਘਰ ਸੀ, ਇਸ ਵਾਸਤੇ ਸਾਡੇ ਸਾਰੇ ਅਸੀਂ ਉਰਦੂ ਪੜ ਲਿਖ ਕੇ ਵੀ, ਘਰਾਂ ਚ ਬੋਲਦੇ ਪੰਜਾਬੀ ਈ ਓ ਸੀ। ਸੋ ਇਸ ਲਈ ਮੈਂ ਲਿਖਣਾ ਸ਼ੁਰੂ ਕੀਤਾ। ਤੇ ਮੈਂ ਵੀ ਪਹਿਲਾਂ ਇਸੇ ਬੋਲੀ ਚ ਲਿਖਣਾ ਸ਼ੁਰੂ ਕੀਤਾ, ਜਿਸ ਬੋਲੀ ਚ ਲਿਖਣਾ ਪੜਨਾ ਸਿਖਾ ਰਹੇ ਸੀ ਸਾਨੂੰ, ਔਰ ਉਹ ਉਰਦੂ ਸੀ। ਮੈਂ ਉਰਦੂ ਚ ਲਿਖਣਾ ਸ਼ੁਰੂ ਕੀਤਾ, ਲੇਕਿਨ ਉਹ ਐਨੀ ਜੀ ਮੈਨੂੰ ਇਸ ਤਰਾਂ ਲੱਗਦਾ ਸੀ, ਸਾਫ ਤੌਰ ਦੇ ਉਤੇ, ਕਹਾਣੀਆਂ ਈ ਮੈਂ ਲਿਖਦਾ ਸੀ, ਸ਼ੋਰਟ ਸਟੋਰੀਜ। ਅਸੀਂ ਉਹ ਸ਼ਾਇਦ ਪੰਜਾਬੀ ਦੀ ਜਾਗ ਜਿਹੜੀ ਘਰ ਦੇ ਵਿੱਚੋਂ ਲੱਗੀ ਹੋਈ ਸੀ, ਉਸ ਦੇ ਨਤੀਜੇ ਵਜੋਂ। ਅਸੀਂ ਉਰਦੂ ਲਿਟਰੇਚਰ ਬਹੁਤ ਛੋਟੀ ਉਮਰ ਦੇ ਵਿੱਚ ਪੜਨਾ ਸ਼ੁਰੂ ਕਰ ਦਿੱਤਾ ਸੀ, ਕਹਾਣੀਆਂ ਸ਼ਾਹਾਣੀਆਂ, ਨਾਵਲ ਜਿਹੜੇ ਸਨ, ਇਸ ਅਸੀਂ ਛੋਟੀ ਉਮਰ ਚ ਈ ਪੜਦੇ ਸਾਂ। ਸੋ ਅਸੀਂ ਲਿਖਣ ਲੱਗੇ ਤਾਂ ਲਿਖਣਾ ਉਰਦੂ ਚ ਸ਼ੁਰੂ ਕੀਤਾ, ਉਹ ਸਾਰਿਆਂ ਬੜੀ ਦਾਦ ਦੇਣੀ, ਬਹੁਤ ਅੱਛੀ ਲਿਖੀ ਏ, ਬਹੁਤ ਕਮਾਲ ਕੀਤਾ ਏ। ਕਹਿ ਦੇਣਾ ਦਾਦ ਤਾਂ ਦੇਂਦੇ ਨੇ, ਮੇਰਾ ਆਪਣਾ ਦਿਲ ਰਾਜੀ ਨਹੀਂ ਹੁੰਦਾ। ਉਹ ਫਿਰ ਅਹਿਸਤਾ ਅਹਿਸਤਾ ਇਹੋ ਗੱਲ ਵਧਦੀ ਗਈ ਕਿ ਜ਼ੁਬਾਨ ਜਿਹੜੀ ਹੈ, ਜਿਹੜੀ ਜ਼ੁਬਾਨ ਲੋਕ ਬੋਲਦੇ ਹੋਣ, ਜਿਹੜੀ ਜ਼ੁਬਾਨ ਆਪਣੇ ਅੰਦਰ ਦੀ ਹੋਵੇ, ਔਰ ਆਪਣੇ ਲੋਕਾਂ ਦੀ ਜ਼ੁਬਾਨ ਹੋਵੇ, ਇਹੀ ਅਸਲ ਜ਼ੁਬਾਨ ਹੁੰਦੀ ਏ, ਇਸ ਜ਼ੁਬਾਨ ਚ ਈ ਲਿਟਰੇਚਰ ਪੈਦਾ ਹੁੰਦਾ। ਆਪਣੀ ਹੀ, ਆਪਣੇ ਅੰਦਰ ਦੀ ਜ਼ੁਬਾਨ ਔਰ ਆਪਣੇ ਲੋਕਾਂ ਦੀ ਜ਼ੁਬਾਨ, ਇਸ ਤੋਂ ਵੱਡਾ ਜਰੀਆ ਕੀ ਹੋ ਸਕਦਾ ਹੈ, ਆਪਣੇ ਲੋਕਾਂ ਨੂੰ ਪਹਿਚਾਨਣ ਦਾ? ਔਹ ਇਤਨੀ ਜਿੰਦਗੀ ਹੈ ਜਿਹੜੀ ਸਾਡੇ ਆਲੇ ਦੁਆਲੇ ਹੈ, ਸਾਡੀ ਆਪਣੀ ਜਿੰਦਗੀ ਉਹਦਾ ਹਿੱਸਾ, ਸੋ ਆਪਣੀ ਬੋਲੀ ਨਾਲ ਅਸੀਂ ਆਪਣੇ ਆਪ ਨੂੰ ਵੀ ਜਾਨਣੇ ਆ, ਆਪਣੇ ਆਪ ਨੂੰ ਵੀ ਜਾਨਣ ਦਾ ਜਰੀਆ, ਆਪਣੇ ਲੋਕਾਂ ਨੂੰ ਵੀ ਜਾਨਣਾ ਹੁੰਦਾ। ਆਪਣੇ ਖੇਤ ਖਲਿਆਣ, ਆਪਣੇ ਰੁੱਖ, ਆਪਣਾ ਜਿਹੜਾ ਹੈ ਫਲੌਰਾ ਫਾਨਾ ਜਿਹੜਾ ਹੈ, ਉਹ ਸਾਰਾ ਜਮੀਨ ਆਪਣੀ, ਆਪਣੇ ਪੰਛੀ, ਆਪਣੇ ਜਾਨਵਰ, ਆਪਣਾ ਆਪ, ਆਪਣੇ ਕੰਮ ਕਾਰ, ਉਹ ਇੱਕ ਬੋਲੀ ਦਾ ਪੂਰਾ ਜਹਾਨ ਹੈ। ਇਸੇ ਤਰੀਕੇ ਨਾਲ ਅਸੀਂ ਆਪਣੀ ਬੋਲੀ ਰਾਹੀਂ ਹੀ ਆਪਣੇ ਆਪ ਨਾਲ

ਜੀਨੇ ਆਂ। ਇਹ ਜਿਹੜਾ ਡਾਇਸਪੋਰਾ ਆਲਾ ਮਸਲਾ ਆ ਨਾ ਜੀ, ਬੜਾ ਤੁਸੀਂ ਅਹਿਮ ਦੱਸਿਆ ਕਿ ਇਹਦੇ ਵਿੱਚ ਕਿਉਂਕਿ ਇਹ ਇੱਕ ਛੋਟਾ ਜਿਹਾ ਆਈਲੈਂਡ ਬਣਾ ਜਾਂਦਾ। ਆਸੇ ਪਾਸੇ ਵੱਡੀ ਹੋਰ ਕਮਿਊਨਟੀ ਰਹਿ ਰਹੀ, ਵਿੱਚ ਉਹ ਪੁਰਾਣੀ ਕਮਿਊਨਟੀ ਆਬਾਦ ਹੋਈ ਹੋਈ ਔਰ ਉਹਨਾਂ ਨੇ, ਉਹ ਮਿਕਸ ਵੀ ਹੋ ਰਹੇ ਨੇ ਔਰ ਉਹਨਾਂ ਦਾ ਕੀ ਕਲਚਰਲ ਐਡਿੰਟਟੀ ਦਾ ਸਵਾਲ ਹੈ, ਲਿਗੁਇਸਟਿਕ ਐਡਿੰਟਟੀ ਦਾ ਸਵਾਲ ਹੈ, ਉਹ ਆਪਣੇ ਪਿੱਛੇ ਨਾਲ ਜੁੜੇ ਵੀ ਹੋਏ ਨੇ ਔਰ ਆਪਣੇ ਪਿਛੇ ਨਾਲੋਂ ਉਹਨਾਂ ਦਾ ਰਿਸ਼ਤਾ ਘਟ ਵੀ ਰਿਹਾ ਐ, ਖਤਮ ਵੀ ਹੋ ਰਿਹਾ, ਠੀਕ ਐ ਨਾ। ਹੁਣ ਉਹਨਾਂ ਦੀ ਕੀ ਉਸ ਸਾਰੀ ਐਡਿੰਟਟੀ ਜਿਹੜੀ ਐ ਉਹ ਪੰਜਾਬੀ ਹੀ ਬਣੇਗੀ, ਕੀ ਉਹਨਾਂ ਨੂੰ ਆਪਣੀ ਬੋਲੀ ਜਿਹੜੀ ਹੈ, ਉਹਨੂੰ ਬਚਾਣਾ ਹੋਏਗਾ, ਉਹਨਾਂ ਨੂੰ ਈ ਬਚਾਣੀ ਪੈਣੀ ਏ ਆਪਸ ਦੇ ਵਿੱਚ, ਔਰ ਸਾਡੀ ਐਡੰਟਟੀ ਇੱਕ ਐਹ ਬਈ ਰਲੀਜੀਅਸ, ਕਲਚਰਲ ਐਡਿੰਟਟੀ ਕਿ ਬੀਅਰਡ ਔਰ ਪੱਗ ਸ਼ੱਗ, ਕੜਾ ਕਿਰਪਾਨ ਸਾਰਾ ਕੁਝ ਐਹ, ਦੂਸਰਾ ਹੈ ਕਿ ਜਿਹੜਾ ਕਿ ਤੁਸੀਂ ਪੰਜਾਬੀ ਬੋਲਦੇ ਜੇ ਠੀਕ ਹੈ ਆਪਸ ਵਿੱਚ ਬੋਲ ਰਹੇ ਜੇ, ਆਪਸ ਵਿੱਚ ਉਸ ਚ ਰੱਖ ਰਹੇ ਜੇ, ਇਹਨੂੰ ਖਤਮ ਨਹੀਂ ਹੋਣ ਦੇ ਰਹੇ। ਅਗਰ ਸਿੱਖ ਅਹਿ ਜੇ ਖਤਮ ਨਹੀਂ ਹੋਏਗੀ ਕਿਉਂਕਿ ਜੇ ਤੁਸਾਂ ਜਪੁਜੀ ਪੜਨਾ, ਉਹ ਪੰਜਾਬੀ ਚ ਈ ਪੜਨਾ ਔਰ ਦੂਸਰੀਆਂ ਵੀ ਜਿਹੜੇ ਪਾਠ ਤੁਸੀਂ ਕਰਨੇ ਨੇ, ਜੇ ਗੁਰਦੁਆਰੇ ਜਾਣਾ ਭਾਈ ਸਾਹਿਬ ਦੇ ਪਿੱਛੇ ਬੈਠਣਾ ਏ ਜਾਂ ਸ਼ਬਦ ਕੀਰਤਨ ਸੁਣਨਾ ਏ ਤੇ ਉਹ ਸ਼ਬਦ ਕੀਰਤਨ ਨੂੰ ਸਮਝਣ ਵਾਸਤੇ ਤੁਹਾਡੀ ਪੰਜਾਬੀ ਤੁਹਾਨੂੰ ਆਉਣੀ ਚਾਹੀਦੀ ਏ। ਇਸ ਵਾਸਤੇ ਤੁਹਾਨੂੰ ਸਿੱਖਣੀ ਈ ਪੈਣੀ ਏ। ਹੁਣ ਉਹ ਮਸਲਾ ਨਹੀਂ ਰਿਹਾ ਬਈ ਤੁਸੀਂ ਇਹਦੇ ਜਰੀਏ ਏਥੇ ਕੰਮ ਕਾਰ ਕਰ ਸਕੋ, ਲੇਕਿਨ ਉਹ ਵੀ ਸੂਰਤ ਐ, ਗੱਲ ਬਣ ਗਈ ਕਿ ਜਿਥੇ ਜਿਥੇ ਦੂਜੀ ਵੱਡੀ ਜ਼ੁਬਾਨ ਦੇ ਤੌਰ ਦੇ ਉਤੇ ਆ ਗਈ, ਉਹਦੀ ਪੜਾਈ ਦਾ ਬੰਦੋਬਸਤ ਹੋ ਗਿਆ। ਲੇਕਿਨ ਇਹ ਹੁਣ ਜਿਹੜੇ ਜੀ ਇਹਨਾਂ ਥਾਵਾਂ ਦੇ ਉਤੇ, ਇਹਨਾਂ ਮੁਲਕਾਂ ਵਿੱਚ ਜਿਥੇ ਡਾਇਸਪੋਰਾ ਦੀ ਗੱਲ ਸਾਰੀ ਬਣ ਚੁੱਕੀ ਏ, ਇਹ ਕਿੰਨੀ ਦੇਰ ਕਾਇਮ ਰਹਿਣਾ ਏ, ਕਿੰਨੀ ਦੇਰ ਕਾਇਮ ਨਹੀਂ ਰਹਿਣਾ, ਉਹਦੇ ਬਾਰੇ ਚ ਅਸੀਂ ਉਸ ਤਰਾਂ। ਕਿਉਂਕਿ ਉਥੋਂ ਦੇ ਹਾਲਾਤ, ਸਰਕਮਸਟਾਂਸਿਜ, ਉਥੋਂ ਦਾ ਐਟਮੌਸਫੀਅਰ, ਉਥੋਂ ਦੀ ਜਿਹੜੀ ਕੰਡੀਸ਼ਨਜ ਨੇ, ਲਿਵਿੰਗ ਕੰਡੀਸ਼ਨਜ, ਉਹ ਆਪਣੇ ਪੰਜਾਬ ਵਾਲੀਆਂ ਤਾਂ ਨਹੀਂ ਹਨ। ਉਥੇ ਤਾਂ ਅਸੀਂ ਜਰੂਰਤਮੰਦ ਬਣ ਕੇ ਗਏ ਹੋਏ ਆਂ ਤੇ ਸਵਾਲ ਹੈ ਪੰਜਾਬ ਦਾ। ਜੇ ਪਿੱਛੇ ਕੋਈ ਪੰਜਾਬ ਦੀ ਸੂਰਤੇ ਹਾਲਤ ਬਿਹਤਰ ਹੋ ਜੇ ਜਾਂ ਇਹਨੂੰ ਇਨਸਾਨੀ ਬੁਨਿਆਦਾਂ ਦੇ ਉਤੇ ਦੋਵਾਂ ਪਾਸੇ ਚੜਦਾ ਪੰਜਾਬ ਔਰ ਵੈਸਟਰਨ ਪੰਜਾਬ ਜਿਹੜਾ ਲਹਿੰਦਾ ਪੰਜਾਬ ਏ, ਇਥੇ ਅਗਰ ਸਮਾਜ ਐਸੇ ਬਣ ਜਾਣ, ਇਨਸਾਨੀ ਸਮਾਜ ਕਾਇਮ ਕਰ ਲਏ ਜਾਣ ਤੇ ਸ਼ਾਇਦ ਉਹਨਾਂ ਲੋਕਾਂ ਨੂੰ ਇੱਕ ਆਸਰਾ ਹੋਏਗਾ। ਉਹਨਾਂ ਲੋਕਾਂ ਦਾ ਜੁੜਨ ਦਾ ਦਿਲ ਵੀ ਕਰਦਾ ਹੋਏਗਾ ਜਾਂ ਕੋਈ ਏਥੋਂ ਬਿਹਤਰਹੀਨ ਹੋਣ ਦੀ ਗੁੰਜਾਇਸ਼ ਉਹਨਾਂ ਨੂੰ ਨਜਰ ਆਂਦੀ ਹੋਵੇ ਤੇ ਜੇ ਇਹ ਜਿੰਨੀ ਬੁਰੀ ਹਾਲਤ ਸਾਡੇ ਦੋਵਾਂ ਖਿਤਿਆਂ ਦੀ ਹੋ ਚੁੱਕੀ ਏ, ਸਿਸਟਮ ਦੇ ਹਿਸਾਬ ਨਾਲ। ਅਸੀਂ ਕਹਿੰਨੇ ਆਂ ਸਿਰਫ ਇਕੱਠੇ ਹੋ ਜਾਣਾ, ਇਕੱਠੇ ਹੋ ਜਾਣਾ ਕਹਿੜਾ ਕੰਮ ਹੈਗਾ। ਅਸਲ ਗੱਲ ਹੈ ਕਿ ਦੋਨਾਂ ਪੰਜਾਬਾਂ ਦੀ ਹਾਲਤ ਆਪਣੀ ਥਾਂ ਹਿਸਾਬ ਐ। ਜਿਆਦਾ ਏਥੇ ਇਕਨੌਮਿਕ ਜਸਟਿਸ ਹੋਵੇ, ਏਥੇ ਇਕਨੌਮਿਕ ਇਕਉਲਟੀ ਹੋਵੇ। ਇਹ ਮਤਲਬ ਹੋਵੇ, ਏਥੇ ਐਕਸਪੁਲਾਇਟੇਸ਼ਨ ਨਾ ਹੋਵੇ, ਵਿਦਾਊਟ ਐਕਪੁਲਾਇਟੇਸ਼ਨ, ਸਾਡੀ ਲਿਵਿੰਗ ਬਣੇ। ਤੇ ਇੱਕ ਐਸਾ ਸਮਾਜ ਬਣੇ ਜਿਹੜਾ ਕਿ ਕਹਿਣਾ ਚਾਹੀਦਾ ਕਿ ਸਾਂਝਾ ਸਮਾਜ, ਸਾਂਝੀ ਕਰਨੀ ਦਾ, ਤੇ ਜਾਹਿਰ ਹੈ ਜਿਹੜੇ ਇਲਾਕਿਆਂ ਨਾਲ ਅਸੀਂ ਜੁੜੇ ਆਂ, ਅਸੀਂ ਪਾਕਿਸਤਾਨ ਚ ਬੈਠੇ ਆਂ ਜਾਂ ਪਾਕਿਸਤਾਨ ਦਾ ਸਿਸਟਮ, ਪਾਕਿਸਤਾਨ ਦੀ ਸਟੇਟ। ਇਸੇ ਤਰਾਂ ਉਹ ਉਥੇ ਬੈਠੇ ਹੋਏ ਨੇ। ਤੇ ਹਿੰਦੁਸਤਾਨ ਦੀ ਸਟੇਟ, ਫਿਰ ਵਿੱਚ ਦਰਮਿਆਨ ਸਾਡੇ ਬੌਡਰ ਐ। ਹਿੰਦੁਸਤਾਨ ਨੂੰ ਡਰ ਏ ਕਿ ਇਹ ਪੰਜਾਬ ਉਸ ਪੰਜਾਬ ਵਿੱਚ ਨਾ ਜਾ ਰਲੇ। ਪਾਕਿਸਤਾਨ ਨੂੰ ਖਤਰਾ ਐ ਐਹ ਪੰਜਾਬ, ਉਹਨਾਂ ਸਿੱਖਾਂ ਦੇ ਨਾਲ ਨਾ ਨੇੜੇ ਹੋ ਜਾਣ। ਦੋਵਾਂ ਨੂੰ ਜੋੜਦੀ ਏ ਬੋਲੀ। ਸੋ ਸਾਡੀ ਬੋਲੀ ਅਗਲਿਆਂ ਲਾਗੂ ਨਹੀਂ ਕੀਤੀ, ਉਥੇ ਉਹਨਾਂ ਲਾਗੂ ਕਰ ਦਿੱਤੀ, ਲੇਕਿਨ ਹਿੰਦੀ ਬਣਾ ਦਿੱਤੀ। ਠੀਕ ਐ ਨਾ, ਲਾਗੂ ਕਰਕੇ ਵੀ ਉਹਦਾ ਵੇੜਾ ਗਰਕ ਕੀਤਾ ਜਾ ਸਕਦਾ। ਸੋ ਜਿਸ ਵੇਲੇ ਏਥੋਂ ਦੀ ਸਟੇਟ ਪੰਜਾਬ ਵਿੱਚ ਪੰਜਾਬੀ ਲਾਗੂ ਕਰੇਗੀ ਤੇ ਇਸ ਗੱਲ ਦਾ ਬੜਾ ਖਿਆਲ ਰੱਖੇਗੀ ਕਿ ਪਰਲਿਆਂ ਨਾਲ ਰਲ ਨਾ ਜਾਣ। ਇਨਾਂ ਦੀ ਬੋਲੀ ਆਪਣੇ ਕਲਾਸੀਕਲ ਨਾਲ ਨਾ ਜੁੜ ਜਾਏ। ਸਟੇਟ ਦੇ ਕਰੀਬ ਤਾਂ ਆਉਣੀ ਚਾਹੀਦੀ ਏ। ਸਟੇਟ ਦੇ ਮੁਕਾਸਤ ਪੂਰੇ ਹੁੰਦੇ ਹੋਣ, ਲਿਹਾਜਾ ਉਹ ਸਾਡੀ ਬੋਲੀ ਦੀ ਸ਼ਕਲ ਐਸੀ ਬਣਾਉਣਗੇ ਜਿਹੜੀ ਅਸੀਂ ਆਪ ਈ ਵੇਖ ਕੇ ਹੈਰਾਨ ਰਹਿ ਜਾਵਾਂਗੇ ਕਿਉਂਕਿ ਅਸੀਂ ਆਜਾਦ ਤੇ ਨਹੀਂ ਬੈਠੇ। ਅਸੀਂ ਦੋ ਰਿਆਸਤਾਂ ਚ ਆਂ, ਦੋ ਸਟੇਟਸ ਵਿਚ ਆਂ ਔਰ ਦੋਵੇਂ ਸਟੇਟਸ ਜਿਹੜੀਆਂ ਉਹ ਐਨੀਮੀ ਨੇ, ਕਹਿਣਾ

ਚਾਹੀਦਾ ਉਹਨਾਂ ਦੇ ਐਨੀਮੀ ਪੋਸਚਰ ਆ। ਉਹ ਇੱਕ ਦੂਜੇ ਨਾਲ ਮੋਰਚਾਬੰਦ ਹੋ ਕੇ ਬੈਠੀਆਂ ਹੋਈਆਂ ਨੇ। ਉਹ ਸਾਨੂੰ ਕਿਵੇਂ ਜਨਾਬ ਸਾਡੀ ਬੋਲੀ ਦੇ ਦੇਣ, ਸਾਡੀ ਬੋਲੀ ਤੇ ਉਹ ਨਾਲ ਉਹਨਾਂ ਡਿਫੈਂਸ ਲਾਈਨ ਖਿੱਚੀ ਐ ਵਿੱਚ, ਪੰਜਾਬੀ ਅਗਰ ਰੋਕੀ ਹੋਈ ਏ ਉਹਨਾਂ ਨੇ, ਬੋਲੋ ਜਮ ਜਮ ਬੋਲੋ, ਲੇਕਿਨ ਅਸਾਂ ਪੜਾਈ ਲਖਾਈ ਦੀ ਬੋਲੀ ਨਹੀਂ ਬਨਾਨੀ। ਇਹਦੇ ਨਾਲ ਉਹਨਾਂ ਬੈਰੀਅਰ ਲਾਇਆ ਔਰ ਸਾਨੂੰ ਸਾਰਿਆਂ ਨੂੰ ਉਰਦੂਆਈ ਬਣਾ ਦਿੱਤਾ ਐ। ਸਭ ਉੜਦੂ ਹੋ ਚੁੱਕੇ ਆ। ਪੰਜਾਬੀ ਦਾ ਲਫਜ ਔਖਾ ਪੈਂਦਾ ਐ, ਉੜਦੂ ਦਾ ਲਫਜ ਝਟਾਪਟ ਆਉਂਦਾ ਐ। ਉੜਦੂ ਨਾਲ ਸਾਡੀ ਪੁਜੀਸ਼ਨ ਬਣ ਚੁੱਕੀ ਐ। ਉਹ ਤਾਂ ਥੱਲੇ ਨਿਮਾਣੀ ਖਲਕਤ ਐ ਜਿਹੜੀ ਸਵਾਏ ਪੰਜਾਬੀ ਦੇ ਜੀਹਦੇ ਕੋਲ ਹੋਰ ਕੋਈ ਜ਼ੁਬਾਨ ਈ ਨਹੀਂ ਔਰ ਉਸ ਦੇ ਉਤੇ ਵੀ ਹਮਲਾ ਜਾਰੀ ਏ ਉੜਦੂ ਦਾ। ਉੜਦੂ ਦਾ, ਉਹਦੇ ਤੇ ਵੀ ਜਾਰੀ ਏ, ਉਸਨੂੰ ਵੀ ਛੱਡਿਆ ਨਹੀਂ ਜਾ ਰਿਹਾ, ਦਿਨ ਪੁਰ ਰਾਤ ਉੜਦੂ ਉਹਦੇ ਤੇ ਸਿੱਟੀ ਜਾ ਰਹੀ ਏ ਉਹਦੇ ਵਿੱਚ, ਵਰਖਾ ਹੋ ਰਹੀ ਏ। ਸੋ ਐਹ ਮਾਮਲਾ ਵੀ ਨਾਲ ਜੁੜਿਆ ਹੋਇਆ। ਤੇ ਗੱਲ ਐਹ ਹੈ ਕਿ ਅਗਰ ਉਥੇ ਜੇ ਸਾਡੇ ਲੋਗਾਂ ਨੇ ਕੋਈ ਪੰਜਾਬੀ ਲਿਟਰੇਚਰ, ਪੰਜਾਬੀ ਦੀ ਕਹਾਣੀ ਤੇ ਪੰਜਾਬੀ ਦਾ ਹਿਊਮਨ ਹੋਣਾ ਜਿਹੜਾ ਹੈ, ਉਹ ਪੰਜਾਬੀ ਦੀਆਂ ਵੈਲੂਅਜ ਪੰਜਾਬ ਦੀਆਂ, ਹਿਊਮਨ ਵੈਲੂਅਜ, ਹਿਊਮਨ ਕਹਿਣਾ ਸੁਸਾਇਟੀ ਦਾ ਬਣਾਉਣਾ, ਅਹਿ ਚੀਜਾਂ ਕੁਝ ਮੱਦਦ ਦੇ ਸਕਦੀਆਂ ਨੇ। ਪੁਰਾਣੇ ਵੇਲੇ ਤੇ ਐਹ ਸੀ ਕਿ ਬਾਬੇ ਉਥੇ ਗਏ ਕੈਨੇਡਾ ਚ ਬੈਠੇ, ਕੈਲੇਫੋਰਨੀਆਂ ਚ ਬੈਠੇ, ਉਹ ਸਭ ਮਜਦੂਰ ਸਨ ਸਾਰੇ, ਸਭ ਕਿਸਾਨ ਸਨ ਉਹਦੇ ਚ, ਉਹ ਬਾਊ ਲੋਕ ਨਹੀਂ ਸਨ ਗਏ ਹੋਏ। ਬਾਊ ਲੋਕ ਹੁੰਦੇ ਤਾਂ ਉਹਨਾਂ ਜਰਾ ਵੀ ਏਧਰ ਰਿਸ਼ਤਾ ਨਹੀਂ ਸੀ ਰੱਖਣਾ। ਉਥੇ ਬੈਠ ਕੇ ਮਜਦੂਰੀਆਂ ਕਰਕੇ, ਗਦਰ ਪਾਰਟੀ ਆਲਿਆਂ ਨੇ, ਉਹਨਾਂ ਨੂੰ ਪੰਜਾਬ ਦੇ ਮਜਦੂਰ ਔਰ ਕਿਸਾਨ ਨਾਲ ਦਰਦ ਸੀ ਕਿ ਉਹਨੂੰ ਅਜਾਦ ਕਰਵਾਣਾ, ਇਸ ਲਈ ਕਹਿੰਦੇ ਸਨ ਕਿ ਦੇਸ ਆਜਾਦ ਕਰਵਾਉਣਾ, ਦੇਸ ਉਹ ਸਰਮਾਏਦਾਰਾਂ ਦਾ ਦੇਸ ਅਜਾਦ ਨਹੀਂ ਸਨ ਉਹ ਕਰਵਾਉਣਾ ਚਾਹੁੰਦੇ, ਪੂੰਜੀਪਤੀਆਂ ਦਾ ਦੇਸ ਨਹੀਂ ਸੀ ਉਹਨਾਂ ਨੇ ਆਜਾਦ ਕਰਵਾਣਾ, ਨਾਲੇ ਪੂੰਜੀਪਤੀ ਉਹਨਾਂ ਨੂੰ ਕਦੋਂ ਅਖਤਿਆਰ ਦੇ ਸਕਦੇ ਸਨ ਕਿ ਸਾਡਾ ਦੇਸ ਤੁਸੀਂ ਆਜਾਦ ਕਰਾਓ। ਪੂੰਜੀਪਤੀ ਤੇ ਦੇਸ ਆਜਾਦਾ ਚਾਂਹਦੇ ਹੀ ਨਹੀਂ ਸਨ। ਪੂੰਜੀਪਤੀਆਂ ਦਾ ਉਸ ਦੇਸ ਦੀ ਸਰਕਾਰ ਨਾਲ ਗੱਠਜੋੜ ਸੀ। ਸੋ ਜਿਸ ਵੇਲੇ ਉਹ ਕਿਰਤੀ ਕਿਸਾਨ ਜਿਸ ਵੇਲੇ ਉਥੇ ਬੈਠਾ ਗੱਲ ਕਰਦਾ ਸੀ ਆਪਣੇ ਦੇਸ ਦੀ ਆਜਾਦੀ ਦੀ ਤਾਂ ਉਹ ਕਿਰਤੀ ਕਿਸਾਨ ਦੀ ਆਜਾਦੀ ਦੀ ਗੱਲ ਕਰਦਾ ਸੀ। ਔਰ ਉਹਨਾਂ ਉਥੇ ਮਜਦੂਰੀਆਂ ਕਰਕੇ, ਮੁਸ਼ਕੱਤਾਂ, ਮਿਹਨਤਾਂ ਕਰਕੇ, ਅਮਰੀਕਾ ਦਾ ਤਰੱਕੀ ਵਾਲਾ ਮੁਲਕ ਬਣਿਆ, ਏਡਾ ਮਤਲਬ ਡੀਵੈਲਪ ਕੰਟਰੀ ਤੇ ਇਹਨੂੰ ਡੀਵੈਲਪ ਕੀਤਾ, ਚੀਨੀਆਂ ਨੇ ਕੀਤਾ, ਜਪਾਨੀਆਂ ਨੇ, ਪੰਜਾਬੀਆਂ ਨੇ ਕੀਤਾ, ਠੀਕ ਏ ਨਾ ਆਪਣੀਆਂ ਜਾਨਾਂ ਮਾਰ ਕੇ ਤੇ ਉਹਨਾਂ ਨੂੰ ਨਾਲ ਆਪਣੇ ਦੇਸ ਦਾ, ਆਪਣੇ ਲੋਕਾਂ ਦਾ, ਆਪਣੀ ਜ਼ੁਬਾਨ ਦਾ ਨਾਲ ਅਹਿਸਾਸ ਸੀ, ਔਰ ਉਹਨਾਂ ਨੂੰ ਪਤਾ ਸੀ ਅਸੀਂ ਪਲਟਣਾ ਏ ਆਪਣੇ ਦੇਸ। ਹੁਣ ਜਿਹੜੇ ਉਥੇ ਆਬਾਦ ਹੋ ਗਏ ਨੇ ਉਹਨਾਂ ਦਾ ਸ਼ੋਅਰ ਨਹੀਂ ਹੈਗਾ ਕਿ ਅਸੀਂ ਪਲਟਣਾ। ਉਹ ਕਹਿੰਦੇ ਨੇ ਡਾਇਸਪੋਰਾ ਦੀਆਂ ਹੱਦਾਂ ਜਿਹੜੀਆਂ ਹੈਨ, ਬੋਰਡਰ ਜਿਹੜਾ ਹੈ, ਇਹ ਖਤਮ ਹੋ ਗਏ ਆ ਔਰ ਅਸੀਂ ਇਹ ਸਾਰੇ ਦੇ ਨਾਲ ਰਲ ਗਏ ਆਂ, ਹੁਣ ਤੇ ਮਸਲਾ ਐਹ ਹੋ ਗਿਆ ਨਾ। ਲੇਕਿਨ ਉਹਨਾਂ ਲਈ ਅੱਛੀ ਮਿਸਾਲ ਜਿਹੜੀ ਹੋ ਸਕਦੀ ਐ ਕਿ ਉਹ ਏਥੇ ਸਮਾਜਾਂ ਦਾ ਬੇਹਤਰੀਕਰਨ ਕਰਨ। ਔਰ ਸਾਡਾ ਦੋਵਾਂ ਪੰਜਾਬਾਂ ਦਾ ਵੀ ਰਿਸ਼ਤਾ ਜੇ ਕੋਈ ਬਣ ਸਕਦਾ ਤੇ ਉਹ ਅਸੀਂ ਬੇਹਤਰ ਸਮਾਜ ਬਣਾਉਣ ਦੀ ਆਪੋ ਆਪਣੀ ਸਟੇਟ ਦੇ ਨਾਲ ਲੜ ਕੇ, ਆਪੋ ਆਪਣੇ ਸਿਸਟਮ ਦੇ ਖਿਲਾਫ ਭਿੜ ਕੇ ਇੱਥੇ ਇਕਉਲਟੀ ਬੇਸਡ ਸੁਸਾਇਟੀ ਕਾਇਮ ਕਰਨ ਦਾ ਯਤਨ ਕਰੀਏ ਤੇ ਫਿਰ ਕੋਈ ਗੱਲ ਏ, ਨਹੀਂ ਤੇ ਦੂਸਰੀ ਸ਼ਕਲ ਦੇ ਵਿੱਚ ਕੁਛ ਨਹੀਂ।